ਨੰ:8/132/2011-ਰਸ1/ 205

(1)

ਪੰਜਾਬ ਸਰਕਾਰ
ਭਲਾਈਵਿਭਾਗ
(ਰਿਜਰਵੇਸਨ ਸੈਲ)

ਸੇਵਾ ਵਿਖੇ,

1. ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
2. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ-ਕੋਰਟ,
3. ਸਮੂਹ ਡਵੀਜਨਾਂ ਦੇ ਕਮਿਸਨਰ,
4. ਸਮੂਹ ਜਿਲਿਆਂ ਦੇ ਡਿਪਟੀ ਕਮਿਸਨਰ,
5. ਸਮੂਹ ਉਪ ਮੰਡਲ ਅਫਸਰ (ਸਿਵਲ) ਪੰਜਾਬ ।

ਮਿਤੀ, ਚੰਡੀਗੜ: 7.3.2012.

ਵਿਸਾ:- Finalization of Government orders for citizen services for issuance of Caste Certificate through e-District Project.

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸੇ ਤੇ ਸੰਬੋਧਿਤ ਕਰਦੇ ਹੋਏ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਭਲਾਈ ਵਿਭਾਗ ਦੇ ਪੱਤਰ ਨੰ:2/17/02-ਰਸ5/112-117, ਮਿਤੀ 9-1-2006, ਨੰ:1/8/07-ਰਸ1/815, ਮਿਤੀ 10-07-2008,ਨੰ:1/8/07-ਰਸ1/853, ਮਿਤੀ 29-6-2009, ਨੰ:1/8/07-ਰਸ1/883, ਮਿਤੀ 02-07-2009, ਨੰ:1/15/10-ਰਸ1/542, ਮਿਤੀ 19-0[illegible]-2010 ਅਤੇ ਪੱਤਰ ਨੰ:1/8/07-ਰਸ1/1295, ਮਿਤੀ [illegible]-11-2010 ਰਾਹੀਂ ਜਾਤੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਹਦਾਇਤਾਂ ਪਹਿਲਾ ਹੀ ਜਾਰੀ ਕੀਤੀਆਂ ਹੋਈਆਂ ਹਨ । ਸੂਚਨਾਂ ਤੇ ਤਕਨਾਲੋਜੀ ਵਿਭਾਗ ਵਲੋਂ ਸੂਚਿਤ ਕੀਤਾ ਗਿਆ ਹੈ ਕਿ ਸਰਕਾਰ ਵਲੋਂ ਈ-ਡਿਸਟ੍ਰਿਕਟ ਪ੍ਰੋਜੈਕਟ ਰਾਹੀਂ ਇਲੈਕਟ੍ਰੋਨੀਕਲੀ ਜਾਤੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਸੂਚਨਾਂ ਤੇ ਤਕਨਾਲੋਜੀ ਵਿਭਾਗ ਵੱਲੋ ਤਿਆਰ ਕੀਤੀਆਂ ਗਈਆਂ ਗਾਈਡ-ਲਾਈਨਜ ਸਮੂਹ ਵਿਭਾਗਾਂ ਨੂੰ ਯੋਗ ਕਾਰਵਾਈ ਕਰਨ ਹਿੱਤ ਪਹਿਲਾਂ ਹੀ ਭੇਜੀਆਂ ਹੋਈਆਂ ਹਨ। ਇਲੈਕਟ੍ਰੋਨੀਕਲੀ ਜਾਤੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਕੈਟਾਗਰੀ ( ਐਸ.ਸੀ. ਤੇ ਬੀ.ਸੀ. ਜਾਤੀ ਦੇ ਸਰਟੀਫਿਕੇਟ ) ਸਬੰਧੀ ਨਮੂਨੇ ਨਾਲ ਨੱਥੀ ਕਰਕੇ ਭੇਜੇ ਜਾਂਦੇ ਹਨ । ਇਸ ਸਬੰਧੀ ਸੂਚਨਾਂ ਤੇ ਤਕਨਾਲੋਜੀ ਵਿਭਾਗ ਨੂੰ ਇਸ ਵਿਭਾਗ ਦੇ ਪੱਤਰ ਨੰ:8/132/11-ਰਸ1/114, ਮਿਤੀ 8-2-12 ਰਾਹੀਂ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ (ਕਾਪੀ ਨੱਥੀ ਹੈ ) ।

2. ਉਪਰੋਕਤ ਫੈਸਲੇ ਦੇ ਸਨਮੁੱਖ ਭਵਿੱਖ ਵਿੱਚ ਅਨੁਸੂਚਿਤ-ਜਾਤੀਆਂ ਅਤੇ ਪਛੜੀਆਂ-ਸ਼੍ਰੇਣੀਆਂ ਦੇ ਜਾਤੀ ਸਰਟੀਫਿਕੇਟ, ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਾਰੀ ਕੀਤੇ ਜਾਣ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਜੀ ।

ਵਿਸਵਾਸਪਾਤਰ,
(ਚਮਨ ਲਾਲ ਵਾਸਨ)
ਸੰਯੁਕਤ ਸਕੱਤਰ ਭਲਾਈ

ਇਸਦਾ ਇਕ ਉਤਾਰਾ ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

ਅੰ:ਵਿ:ਪ:ਨੰ:8/132/2011-ਰਸ1/ 206 ਮਿਤੀ,ਚੰਡੀਗੜ: 7.3.12

148

ਨੰ:10/2/96-ਰਸ5/ 769

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ ,
ਡਿਪਟੀ ਕਮਿਸਨਰਜ ।

ਮਿਤੀ, ਚੰਡੀਗੜ੍ਹ: 7-8-2012

ਵਿਸਾ:- ਰਾਜ ਸਰਕਾਰ ਵਲੋਂ ਅਨੁਸੂਚਿਤ-ਜਾਤੀ ਦੀ ਜਾਰੀ ਕੀਤੀ ਲਿਸਟ ਵਿਚ ਮਹਾਤਮ ਅਤੇ ਰਾਏ ਸਿੱਖ ਜਾਤੀ ਦਾ ਨਾਮ ਸਾਮਿਲ ਕਰਨ ਬਾਰੇ ।

ਉਪਰੋਕਤ ਵਿਸੇ ਤੇ ਇਸ ਵਿਭਾਗ ਦੇ ਮੀਮੋ ਨੰ:10/2/96-ਰਸ5/1919, ਮਿਤੀ 19-11-2007, ਦੇ ਹਵਾਲੇ ਵਿੱਚ ।

2. ਮਹਾਤਮ ਅਤੇ ਰਾਏ ਸਿੱਖ ਜਾਤੀ ਦੇ ਲੋਕਾਂ ਵਲੋਂ ਪ੍ਰਤੀ-ਬੇਨਤੀ ਪ੍ਰਾਪਤ ਹੋਈ ਹੈ ਕਿ ਰਾਜ ਦੇ ਕਈ ਵਿਭਾਗਾਂ ਅਤੇ ਅਦਾਰਿਆਂ ਵਲੋਂ ਉਨ੍ਹਾਂ ਨੂੰ ਅਨੁਸੂਚਿਤ-ਜਾਤੀ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜਦ ਕਿ ਸਰਕਾਰ ਵਲੋਂ ਇਨ੍ਹਾਂ ਨੂੰ ਅਨੁਸੂਚਿਤ-ਜਾਤੀ ਘੋਸਿਤ ਕੀਤਾ ਹੋਇਆ ਹੈ । ਇਸ ਮਾਮਲੇ ਨੂੰ ਗਹੁ ਨਾਲ ਵਿਚਾਰਨ ਉਪਰੰਤ, ਭਲਾਈ ਵਿਭਾਗ ਵਲੋਂ ਜਾਰੀ ਕੀਤੇ ਮੈਨੂਅਲ ਆਫ ਰਿਜਰਵੇਸਨ ਆਫ ਸਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ ਇੰਨ ਸਰਵਿਸਿਜ ਪਾਰਟ-5 ਦੇ ਪੰਨਾ ਨੰ:251 ਰਾਹੀਂ ਜਾਰੀ ਕੀਤੀ ਗਈ ਅਨੁਸੂਚਿਤ-ਜਾਤੀ ਦੀ ਲਿਸਟ ਦੇ ਲੜੀ ਨੰ:39 ਤੇ ਮਹਾਤਮ ਅਤੇ ਰਾਏ ਸਿੱਖ ਜਾਤੀ ਨੂੰ ਮਿਤੀ 30-8-2007 ਤੋਂ ਬਾਅਦ, ਸਾਮਿਲ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਸ ਸਬੰਧੀ ਅਨੁਸੂਚਿਤ-ਜਾਤੀ ਦੀ ਲਿਸਟ ਵਿੱਚ ਕੀਤੀ ਗਈ ਸੋਧ ਇਸ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ ।

3. ਉਪਰੋਕਤ ਦੇ ਸਨਮੁੱਖ ਆਪ ਆਪਣੇ ਅਧੀਨ ਕੰਮ ਕਰਦੇ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਜਿਹੜੇ ਕਿ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਨ ਲਈ ਸਮਰਥ ਅਧਿਕਾਰੀ ਹਨ, ਨੂੰ ਆਦੇਸ਼ ਦੇਣ ਲਈ ਲਿਖਿਆ ਜਾਂਦਾ ਹੈ ਕਿ ਉਹ ਮਹਾਤਮ ਅਤੇ ਰਾਏ ਸਿੱਖ ਜਾਤੀ ਦੇ ਵਿਆਕਤੀਆਂ ਨੂੰ ਵੀ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਜਾਰੀ ਕਰਨਾ ਯਕੀਨੀ ਬਨਾਉਣ ।

4. ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ ।

ਵਿਸ਼ਵਾਸਪਾਤਰ,

(ਚਮਨ ਲਾਲ ਭੂਸ਼ਨ)
ਸੰਯੁਕਤ ਸਕੱਤਰ ਭਲਾਈ

150

The Constitution (Scheduled Castes) order 1950 and (Amendment) Act,1976 (Amendment)Act,2002 and (Second Amendment)Act,2002

149

Part XIV . Punjab
List of Scheduled Castes

1. Ad Dharmi
2. Balmiki,Chura,Bhangi
3. Bangali
4. Barar,Buar,Berar
5. Batwal,Barwala
6. Bauria,Bawaria
7. Bazigar
8. Bhanjra
9. Chamar, Jatia Chamar, Rehgar, Raigar, Ramdasi, Ravidasi, Ramdasia, Ramdasia Sikh, Ravidasia, Ravidasia sikh
10. Chanal
11. Dagi
12. Darain
13. Deha, Dhaya,Dhea
14. Dhanak
15. Dhogri,Dhangari,Siggi
16. Dumna, Mahasha,Doom
17. Gagra
18. Gandhila,Gandil,Gondola
19. Kabirpanthi,Julaha
20. Khatik
21. Kori,Koli
22. Marija,Marecha
23. Mazhabi,Mazhabi Sikh
24. Megh
25. Nat
26. Od
27. Pasi
28. Perna
29. Pherera
30. Sanhai
31. Sanhal
32. Sansi,Bhedkut,Manesh
33. Sansoi
34. Sapela
35. Sarera
36. Sikligar
37. Sirkiband
38. Mochi
39. Mahatam, Rai Sikh ( From 30-8-2007 )

ਨੰ: 9/36/2014-ਰਸ1/ 942

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਰਾਜ ਦੀਆਂ ਸਮੂਹ ਡਵੀਜ਼ਨਾ ਦੇ ਕਮਿਸ਼ਨਰ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ,
ਰਾਜ ਦੇ ਸਮੂਹ ਉਪ ਮੰਡਲ ਮੰਡਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 16-9-14

ਵਿਸ਼ਾ:- ਸਮਾਂ ਸੀਮਾਂ ਤੋਂ ਬਾਹਰ ਸੇਵਾਵਾਂ ਦਾ ਨਿਪਟਾਰਾ ਕਰਨ ਸਬੰਧੀ।

******

ਸ਼੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਭਲਾਈ ਵਿਭਾਗ ਦੇ ਪੱਤਰ ਨੰ: 9/36/2014-ਰਸ1/573, ਮਿਤੀ 19-6-2014 ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਹਵਾਲੇ ਅਧੀਨ ਪੱਤਰ ਰਾਹੀਂ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਦੇ ਪੱਤਰ ਮਿਤੀ 28-4-2014 ਦੀ ਕਾਪੀ ਭੇਜ ਕੇ ਲਿਖਿਆ ਗਿਆ ਸੀ ਕਿ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਵਲੋਂ ਤੈਅ ਕੀਤੀ ਸਮੇਂ ਸੀਮਾਂ ਦੇ ਅੰਦਰ ਜਾਤੀ ਸਰਟੀਫਿਕੇਟ (ਅਨੁਸੂਚਿਤ ਜਾਤੀ/ ਬੀ.ਸੀ./ ਓ.ਬੀ.ਸੀ.) ਜਾਰੀ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਸਮੇਂ ਸਿਰ ਜਾਤੀ ਸਰਟੀਫਿਕੇਟ ਜਾਰੀ ਨਾਂ ਕਰਨ ਕਾਰਨ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਵਲੋਂ ਕੋਈ ਨੋਟਿਸ ਲਿਆ ਜਾਂਦਾ ਹੈ ਜਾਂ ਫਿਰ ਜੁਰਮਾਨਾ ਆਦਿ ਕੀਤਾ ਜਾਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਜਾਤੀ ਸਰਟੀਫਿਕੇਟ ਜਾਰੀ ਕਰਨ ਵਿੱਚ ਦੇਰੀ ਕਰਨ ਵਾਲੇ ਅਧਿਕਾਰੀ/ ਕਰਮਚਾਰੀ ਦੀ ਨਿੱਜੀ ਹੋਵੇਗੀ।

2. ਪਰ ਹੁਣ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਵਲੋਂ ਆਪਣੇ ਪੱਤਰ ਮਿਤੀ 22 ਅਗਸਤ 2014 ਰਾਹੀਂ ਮੁੜਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜੁਲਾਈ 2014 ਦੀ ਐਮ.ਆਈ.ਐਸ. ਰਿਪੋਰਟ ਅਨੁਸਾਰ ਜਾਤੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਮਾਂ ਸੀਮਾਂ ਤੋਂ ਬਾਹਰ

ਲੰਬਿਤ ਦਰਖਾਸਤਾਂ ਦੀ ਗਿਣਤੀ 213 ਹੈ। ਜਿਸ ਨੂੰ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਵਲੋਂ ਗੰਭੀਰਤਾ ਨਾਲ ਲਿਆ ਗਿਆ ਹੈ।

3. ਇਸ ਲਈ ਆਪ ਨੂੰ ਇਸ ਪੱਤਰ ਦੁਆਰਾ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਾਰੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਕਿ ਅੱਗੇ ਤੋਂ ਜਾਤੀ ਸਰਟੀਫਿਕੇਟ (ਅਨੁਸੂਚਿਤ ਜਾਤੀ/ ਬੀ.ਸੀ./ ੳ.ਬੀ.ਸੀ.) ਪੰਜਾਬ ਸੇਵਾ ਅਧਿਕਾਰ ਕਮਿਸ਼ਨ ਵਲੋਂ ਤੈਅ ਸਮੇਂ ਸੀਮਾਂ ਦੇ ਅੰਦਰ ਜਾਰੀ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸੁਪਰਡੰਟ

ਪਿੱਠ ਅੰਕਣ ਨੰ:9/36/2014-ਰਸ1/ 943 ਮਿਤੀ, ਚੰਡੀਗੜ੍ਹ: 16-9-14

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਨੂੰ ਸਰਕਾਰ ਵਲੋਂ ਜਾਰੀ ਪੱਤਰ ਮਿਤੀ 19-6-2014 ਦੇ ਹਵਾਲੇ ਵਿੱਚ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ: 9/36/2014-ਰਸ1/ 944 ਮਿਤੀ, ਚੰਡੀਗੜ੍ਹ: 16-9-14

ਉਪਰੋਕਤ ਦਾ ਇਕ ਉਤਾਰਾ ਸਕੱਤਰ, ਪੰਜਾਬ ਸੇਵਾ ਅਧਿਕਾਰ ਕਮਿਸ਼ਨ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: ਪੀ.ਆਰ.ਐਸ.ਸੀ./ਐਮ.ਆਈ.ਐਸ./2014/2110, ਮਿਤੀ 22 ਅਗਸਤ 2014 ਅਤੇ ਸਰਕਾਰ ਦੇ ਪਿੱਠ ਅੰਕਣ ਨੰ: 9/6/2014-ਰਸ1/575, ਮਿਤੀ 19-6-2014 ਦੇ ਹਵਾਲੇ ਵਿੱਚ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ